# 8
# ਭਲਾ ਖ਼ੁਦਾ ਨੇ ਮੋਅਜਜ਼ੇ ਕੀਤੇ ਹਨ?

ਬਾਈਬਲ ਦੇ ਅਨੁਸਾਰ ਖ਼ੁਦਾ ਨੇ ਮਨੁੱਖ ਜਾਤੀ ਦੇ ਇਤਿਹਾਸ ਵਿਚ ਕਈ ਵਾਰ ਮੋਅਜਜ਼ੇ ਕੀਤੇ। ਅਸੀਂ ਖ਼ਾਸ ਸਵਾਲ ਕਿ ''ਭਲਾ ਮਸੀਹੀਅਤ ਦੇ ਸ਼ੁਰੂ ਵਿਚ ਮੋਅਜਜ਼ੇ ਸਚਮੁਚ ਹੋਏ ਸਨ?'' 'ਤੇ ਵਿਚਾਰ ਕਰਾਂਗੇ। ਇਸ ਸਵਾਲ 'ਤੇ ਵਿਚਾਰ ਕਰਦਿਆਂ ਡੇਵਿਡ ਹਿਊਮ ਦਾ ਫ਼ੈਸਲਾ ਸੀ ਕਿ ਉਹ ਮੋਅਜਜ਼ਿਆਂ ਲਈ ਗਵਾਹੀ ਦੀ ਭਰੋਸੇਯੋਗਤਾ ਦੇ ਖ਼ਿਲਾਫ਼ ਆਪਣਾ ਤਜਰਬਾ ਦੇਵੇਗਾ।

## ਭਲਾ ਕੋਈ ਗ਼ਲਤੀ ਹੋ ਸਕਦੀ ਹੈ?

ਭਲਾ ਗਵਾਹੀ ਵਿਚ ਕੋਈ ਗ਼ਲਤੀ ਜਾਂ ਧੋਖਾ ਹੋ ਸਕਦਾ ਹੈ? ਭਲਾ ਗਵਾਹੀ ਨੂੰ ਨਕਾਰ ਕੇ ਮੋਅਜਜ਼ਿਆਂ 'ਤੇ ਵਿਸ਼ਵਾਸ ਕਰਨਾ ਅਸਾਨ ਹੈ? ਐਡਵਿਨ ਏ. ਬਰਟ ਦੇ ਅਨੁਸਾਰ ਕਈ ਮਾਮਲਿਆਂ ਵਿਚ ''ਝੂਠ ਉਸ ਹਕੀਕਤ ਤੋਂ ਬਹੁਤਾ ਚਮਤਕਾਰੀ ਹੋ ਸਕਦਾ ਹੈ ਜਿਸਨੂੰ ਉਹ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ।''

ਬਹੁਤੇ ਸੰਦੇਹਵਾਦੀ ਹੋਣ ਦਾ ਅਰਥ ਕਿਸੇ ਵੀ ਗੱਲ 'ਤੇ ਵਿਸ਼ਵਾਸ ਕਰਨ ਵਾਲੇ ਵਾਂਗ ਅਵਿਵੇਕੀ ਹੋਣਾ ਹੈ। ਜੇ ਕਈ ਗਵਾਹ ਹੋਣ ਜੋ ਅਜ਼ਾਦ, ਗੈਰ ਮੁਤਅੱਸਬੀ, ਗੰਭੀਰ ਅਤੇ ਇਮਾਨਦਾਰ ਹੋਣ ਅਤੇ ਜੇ ਘਟਨਾ ਕਿਸੇ ਮਸ਼ਹੂਰ ਥਾਂ 'ਤੇ ਵਾਪਰੀ ਹੋਵੇ ਤਾਂ ਉਨ੍ਹਾਂ ਨੂੰ ਭਰੋਸੇਯੋਗਤਾ ਦੇ ਮੰਨਣਯੋਗ ਸਿਧਾਂਤ ਮੰਨਿਆ ਜਾਵੇਗਾ।

## ਯਿਸੂ ਦੇ ਜੀ ਉੱਠਣ ਬਾਰੇ ਵਿਚਾਰ ਕਰੋ

ਜੇ ਯਿਸੂ ਦੀ ਜ਼ਖ਼ਮੀ ਦੇਹ ਜੀ ਉੱਠੀ ਸੀ ਤਾਂ ਸਾਡੇ ਜੀ ਉੱਠਣ ਦੀ ਉਮੀਦ ਹੈ ਅਤੇ ਬਾਈਬਲ ਦੇ ਦੂਜੇ ਸਭ ਮੋਅਜਜ਼ਿਆਂ 'ਤੇ ਯਕੀਨ ਕਰਨਾ ਅਸਾਨ ਹੋ ਜਾਂਦਾ ਹੈ। ਜੇ ਯਿਸੂ ਦੀ ਦੇਹ ਮੁਰਦਿਆਂ ਵਿੱਚੋਂ ਜੀ ਨਹੀਂ ਉੱਠੀ ਤਾਂ ਸਾਡੀ ਉਮੀਦ ਬੇਕਾਰ ਹੈ ਅਤੇ ਹੋਰ ਕਿਸੇ ਵੀ ਮੋਅਜਜ਼ੇ 'ਤੇ ਗੱਲ ਕਰਨਾ ਫ਼ਜ਼ੂਲ ਹੈ। ਇਸ ਤਰ੍ਹਾਂ ਮਸੀਹੀਅਤ ਇੱਕੋ ਮੋਅਜਜ਼ੇ 'ਤੇ ਜਾਂ ਤਾਂ ਕਾਇਮ ਰਹਿ ਸਕਦੀ ਹੈ ਜਾਂ ਡਿੱਗ ਸਕਦੀ ਹੈ।

ਜੀ ਉੱਠਣ ਦੀ ਗਵਾਹੀ ਬਾਰੇ ਕੀ ਵਿਚਾਰ ਹੈ? ਪੰਜ ਸੌ ਤੋਂ ਵੱਧ ਲੋਕਾਂ ਨੇ ਗਵਾਹੀ ਦਿਤੀ ਕਿ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਜੀ ਉੱਠੇ ਮਸੀਹ ਨੂੰ ਵੇਖਿਆ ਹੈ (1 ਕੁਰਿੰਥੀਆਂ 15:6)। ਇੰਜੀਲ ਦੇ ਵੇਰਵਿਆਂ ਵਿਚ ਭਾਵੇਂ ਕੋਈ ਆਪਸੀ ਟਕਰਾਅ ਨਹੀਂ ਹੈ ਪਰ ਇਹ ਇੰਨੇ ਫ਼ਰਕ ਹਨ ਕਿ ਉਨ੍ਹਾਂ ਨੂੰ ਲਿਖਣ ਵਿਚ ਅਜ਼ਾਦੀ ਨਜ਼ਰ ਆਉਂਦੀ ਹੈ ਨਾ ਕਿ ਮਿਲੀ ਭਗਤ। ਗੰਭੀਰ, ਵਿਵੇਕੀ ਲੋਕਾਂ ਨੇ ਇਹ ਵਿਸ਼ਵਾਸ਼ ਨਹੀਂ ਕੀਤਾ ਕਿ ਜੀ ਉੱਠਣਾ ਹੋ ਸਕਦਾ ਹੈ। ਪਹਿਲੀ ਵਾਰ ਸੁਣਨ ਤੇ ਉਨ੍ਹਾਂ ਨੂੰ ਯਕੀਨ ਵੀ ਨਹੀਂ ਹੋਇਆ ਸੀ। ਕਈਆਂ ਨੂੰ ਤਾਂ ਜੀ ਉੱਠੇ ਮਸੀਹ ਨੂੰ ਵੇਖ, ਛੂਹ ਲੈਣ ਤੋਂ ਬਾਵਜੂਦ ''ਉਨ੍ਹਾਂ ਦੀ ਬੇਪਰਤੀਤੀ ਅਰ ਸਖ਼ਤਦਿਲੀ ਦਾ ਉਲਾਂਭਾ ਦਿੱਤਾ''

ਗਿਆ ਸੀ (ਮਰਕੁਸ 16: 14)। ਇਨ੍ਹਾਂ ਲੋਕਾਂ ਦੇ ਮਨ ਵਿਚ ਵੀ ਹਿਊਮ ਵਾਂਗ ਹੀ ਜੀ ਉੱਠਣਾ ਹੋਣ ਦੇ ਵਿਚਾਰ ਦੇ ਖ਼ਿਲਾਫ਼ ਮੁਤਅੱਸਬੀ ਧਾਰਣਾ ਸੀ। ਬਾਅਦ ਵਿਚ ਜੀ ਉੱਠਣਾ ਹੋਣ ਤੇ ਅਧਾਰਤ ਆਪਣੀ ਅਬਦੀ ਭਲਿਆਈ ਨੂੰ ਸਮਝ ਕੇ ਉਹ ਆਪਣੀਆਂ ਜ਼ਿੰਦਗੀਆਂ ਨਾਲ ਇਹ ਗਵਾਹੀ ਦੇਣ ਲਈ ਤਿਆਰ ਹੋ ਗਏ ਸਨ ਕਿ ਉਨ੍ਹਾਂ ਨੇ ਕਬਰ ਵਿਚ ਦਫ਼ਨਾਏ ਗਏ ਮਸੀਹ ਦੇ ਜੀ ਉੱਠਣ ਤੋਂ ਬਾਅਦ ਉਹਦੇ ਨਾਲ ਖਾਣਾ ਖਾਧਾ ਸੀ।

ਅਜਿਹੇ ਵਿਹਾਰ ਨੂੰ ''ਈਮਾਨਦਾਰੀ' ਹੀ ਕਿਹਾ ਜਾ ਸਕਦਾ ਹੈ। ਉਨ੍ਹਾਂ ਨੇ ਕਿਸੇ ਆਧੁਨਿਕ ਅਨੁਭਵਵਾਦੀ ਵਾਂਗ ਹੀ ਅਲੋਚਨਾਤਮਕ ਢੰਗ ਨਾਲ ਉਸ ਦੀ ਘੋਖ ਕੀਤੀ ਸੀ। ਉਨ੍ਹਾਂ ਨੇ ਜਾਂਚ ਪਰਖ ਕੇ ਸਾਬਿਤ ਕਰਨ ਦਾ ਤਰੀਕਾ ਅਪਣਾਇਆ, ਭਾਵ ਕਬਰ ਵਿਚ ਜਾ ਕੇ ਕਫ਼ਨ ਅਤੇ ਸਿਰ ਦੇ ਪਰਨੇ ਦੀ ਜਾਂਚ ਕੀਤੀ ਸੀ, ਗਵਾਹਾਂ ਨਾਲ ਸਵਾਲ ਜਵਾਬ ਕੀਤੇ ਸਨ। ਉਨ੍ਹਾਂ ਨੇ ਜ਼ਿੰਦਗੀ ਦੇ ਵਚਨ ਨੂੰ ਆਪਣੇ ਹੱਥਾਂ ਨਾਲ ਛੂਹਿਆ ਸੀ।

## ਬਨਾਵਟੀ ਮੋਅਜਜ਼ੇ ਟਿਕ ਨਹੀਂ ਸਕਦੇ

ਮਸੀਹੀਅਤ ਦੇ ਜ਼ਬਰਦਸਤ ਮੋਅਜਜ਼ਿਆਂ ਦੀ ਬਨਾਵਟੀ ਮੋਅਜਜ਼ਿਆਂ ਨਾਲ ਕੋਈ ਤੁਲਨਾ ਨਹੀਂ ਕੀਤੀ ਜਾ ਸਕਦੀ। ਯਿਸੂ ਦੇ ਜੀ ਉੱਠਣ ਦਾ ਸਬੂਤ ਕਿਸੇ ਵੀ ਧਰਮ ਵਿਚ ਹੋਣ ਵਾਲੇ ਚਮਤਕਾਰਾਂ ਨਾਲੋਂ ਬਹੁਤ ਸ਼ਿਖਰ 'ਤੇ ਹੈ। ਯਕੀਨਨ ਹੀ ਕਾਨੂੰਨੀ ਤੌਰ 'ਤੇ ਸਾਡੇ ਪ੍ਰਭੂ ਦਾ ਜੀ ਉੱਠਣਾ ਸਭ ਤੋਂ ਵਧੀਆ ਪ੍ਰਮਾਣਕ ਇਤਿਹਾਸਕ ਘਟਨਾ ਹੈ।